a2zpapers.com

**Exam. Code : 106002**
**Subject Code : 1601**

## Bachelor of Design Semester—II
## PUNJABI COMPULSORY
## Paper—VIII (i)

Time Allowed—3 Hours] [Maximum Marks—50

1. **'ਕੰਪਿਊਟਰ ਅਤੇ ਇੰਟਰਨੈੱਟ'** ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

**'ਅਚੇਤਨ ਦਾ ਗੁਣ ਤੇ ਸੁਭਾਅ'** ਲੇਖ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ। 10

2. **'ਪਠਾਣ ਦੀ ਧੀ'** ਕਹਾਣੀ ਦਾ ਵਿਸ਼ਾ-ਵਸਤੂ ਪ੍ਰਸਤੁਤ ਕਰੋ।

**ਜਾਂ**

**'ਉਜਾੜ'** ਕਹਾਣੀ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ। 10

3. ਕਿਰਿਆ ਵਿਸ਼ੇਸ਼ਣ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੀਆਂ ਕਿਸਮਾਂ ਦਾ ਉਲੇਖ ਕਰੋ।

**ਜਾਂ**

ਸ਼ਬਦ-ਬਣਤਰ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਇਸ ਦੇ ਮੁੱਢਲੇ ਸੰਕਲਪਾਂ ਦਾ ਵਰਣਨ ਕਰੋ। 10



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਲਿਖੋ :

(ੳ) ਪੰਜਾਬ ਦੇ ਮੇਲੇ ਤੇ ਤਿਉਹਾਰ

(ਅ) ਵਿਦਿਆਰਥੀ ਅਤੇ ਫੈਸ਼ਨ

(ੲ) ਭਾਰਤ ਦੀ ਰਾਜਨੀਤੀ। 5

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਚਰਖਾ ਸਾਡੇ ਪੁਰਾਣੇ ਸੱਭਿਆਚਾਰ ਦਾ ਇੱਕ ਮਹੱਤਵਪੂਰਣ ਅੰਗ ਹੈ। ਦੇਖਣ ਨੂੰ ਇਹ ਲੱਕੜ ਦਾ ਬਣਿਆ ਇਕ ਬੇਜਾਨ ਢਾਂਚਾ ਹੈ। ਪਰ ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਦੇ ਅੰਗ ਸੱਚ-ਮੁੱਚ ਤਾਂ ਨਹੀਂ, ਪਰ ਝੂਠ-ਮੂਠ ਢੰਗ ਨਾਲ ਜ਼ਰੂਰ ਜੀਂਦੇ ਜਾਗਦੇ ਹਨ। ਇਸ ਝੂਠ-ਮੂਠ ਜਾਂ ਬਣਾਵਟ ਦੇ ਸੱਚ ਨੂੰ ਹੀ ਕਲਾ ਦਾ ਨਾਂ ਦਿੱਤਾ ਗਿਆ ਹੈ। ਗੱਲ ਇੰਜ ਹੈ ਕਿ ਚਰਖੇ ਦੀ ਬਣਤਰ ਵਿੱਚ ਫਟਾਂ ਦੇ ਦੋਨੀਂ ਪਾਸੀਂ ਖੜ੍ਹਵੇਂ ਦਾਅ ਗੁਲਾਈਦਾਰ ਘਾੜਤ ਦੀਆਂ ਦੋ ਲੱਕੜਾਂ ਹੁੰਦੀਆਂ ਹਨ। ਕੁੱਝ ਉੱਚੀਆਂ ਤੇ ਕੁਝ ਮੋਟੀਆਂ ਜਿਵੇਂ ਮੰਜੇ ਦੇ ਪਾਵੇ। ਇਹਨਾਂ ਦਾ ਉਪਰਲਾ ਸਿਰਾ ਗੋਲ-ਮੋਲ ਤੇ ਭਾਰਾ ਹੁੰਦਾ ਹੈ। ਇਨ੍ਹਾਂ ਨੂੰ 'ਮੁੰਨੇ' ਕਿਹਾ ਜਾਂਦਾ ਹੈ, ਜੋ 'ਮੁੰਡੇ' ਅਰਥਾਤ ਲੜਕੇ ਦਾ ਦੂਜਾ ਰੂਪ ਹਨ। ਇਥੇ ਹੀ ਬੱਸ ਨਹੀਂ, ਚਰਖੇ ਦੇ ਤੱਕਲੇ ਨੂੰ ਸਹਾਰਾ ਦੇਣ ਲਈ ਉਪਰੋਕਤ ਢੰਗ ਦੀਆਂ ਤਿੰਨ ਲੱਕੜਾਂ ਹੁੰਦੀਆਂ ਹਨ ਜੋ ਮੁੰਨਿਆਂ ਦੇ ਟਾਕਰੇ ਤੇ ਘੱਟ ਉੱਚੀਆਂ ਤੇ



a2zpapers.com
www.a2zpapers.com
We provide GNDU question papers, PTU question papers, PU question papers

a2zpapers.com

ਘੱਟ ਮੋਟੀਆਂ ਹੁੰਦੀਆਂ ਹਨ। ਇਹ ਹਨ ਚਰਖੇ ਦੀਆਂ ਮੁੰਨੀਆਂ ਅਰਥਾਤ ਕੁੜੀਆਂ ਜਾਂ ਕਾਕੀਆਂ। ਇਹਨਾਂ ਦਾ ਨਾਂ ਗੁੱਡੀਆਂ ਵੀ ਹੈ ਜਿਸ ਦੀ ਤਾਨ ਵੀ ਇਥੇ ਹੀ ਟੁੱਟਦੀ ਹੈ, ਕਿਉਂਕਿ ਗੁੱਡੀ ਦੇ ਦੂਜੇ ਅਰਥ ਖੇਡਣ ਵਾਲੀ ਵਸਤੂ ਤੋਂ ਛੁੱਟ, ਛੋਟੀ ਕੁੜੀ ਜਾਂ ਮੁੰਨੀ ਵੀ ਹਨ। ਸਾਡੇ ਸ਼ਬਦ ਪੁੱਤਰ ਅਤੇ ਪੁੱਤਰੀ ਮਾਂ-ਬਾਪ ਦੀ ਦ੍ਰਿਸ਼ਟੀ ਤੋਂ ਛੁਟਾਈ ਅਤੇ ਸਨੇਹ ਦੀ ਭਾਅ ਮਾਰਦੇ ਹਨ। ਤੁਸੀਂ ਉਸ ਲਕੜਹਾਰੇ ਦੀ ਸ੍ਰਿਜਣ-ਸ਼ਕਤੀ ਦੀ ਕਿਵੇਂ ਦਾਦ ਦੇਵੋਗੇ ਜਿਸਨੇ ਲੱਕੜ ਦੇ ਟੁਕੜੇ ਨੂੰ ਆਪਣੇ ਹੱਥਾਂ ਦੀ ਛੁਹ ਨਾਲ ਨਿੱਕੇ ਜਿਹੇ ਮੁੰਡੇ ਜਾਂ ਕੁੜੀ ਵਿੱਚ ਬਦਲ ਦਿੱਤਾ ਹੈ। ਇਸੇ ਤਰ੍ਹਾਂ (ਕਠ) ਪੁਤਲੇ ਜਾਂ ਪੁਤਲੀ ਦਾ ਜਨਮ ਹੋਇਆ ਜੋ ਪ੍ਰਤੱਖ ਹੀ ਪੁੱਤਰ ਜਾਂ ਪੁੱਤਰੀ ਦਾ ਕਲਪਿਤ ਰੂਪ ਹੈ।

**ਪ੍ਰਸ਼ਨ :**

(1) ਉਪਰੋਕਤ ਪੈਰ੍ਹੇ ਦਾ ਸਿਰਲੇਖ ਦਿਉ।

(2) ਸ਼ਬਦ ਸੱਭਿਆਚਾਰ, ਗਹੁ ਨਾਲ, ਦਾਦ ਦੇਣੀ ਅਤੇ ਸਨੇਹ ਦੇ ਅਰਥ ਦੱਸੋ।

(3) ਪੈਰ੍ਹੇ ਵਿੱਚ ਆਏ ਨਾਂਵ ਅਤੇ ਕਿਰਿਆਵਾਂ ਨਾਲ ਸੰਬੰਧਤ ਕੁਝ ਸ਼ਬਦ ਦੱਸੋ।

(4) ਚਰਖੇ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ ?

(5) ਚਰਖੇ ਦੀਆਂ ਮੁੰਨੀਆਂ ਦਾ ਇਹ ਨਾਂ ਕਿਵੇਂ ਪਿਆ ?

5



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

6. ਹੇਠ ਲਿਖੇ **ਮੁਹਾਵਰੇ** ਅਤੇ **ਅਖਾਣਾਂ** ਵਿੱਚੋਂ **ਪੰਜ-ਪੰਜ** ਨੂੰ ਵਾਕਾਂ ਵਿੱਚ ਵਰਤੋ :

(ੳ) **ਮੁਹਾਵਰੇ:** ਆਪਣੇ ਅੱਗੇ ਕੰਢੇ ਬੀਜਣਾ, ਸ਼ਨੀਚਰ ਆਉਣਾ, ਇੱਟ ਨਾਲ ਇੱਟ ਖੜਕਾਉਣੀ, ਸੰਘ ਪਾੜ-ਪਾੜ ਕੇ ਕਹਿਣਾ, ਉਂਗਲਾਂ ਤੇ ਨਚਾਉਣਾ, ਛਿੱਲ ਲਾਉਣੀ, ਛੋਲੇ ਦੇ ਕੇ ਪੜ੍ਹਨਾ, ਊਠ ਦੇ ਮੂੰਹ ਜੀਰਾ ਦੇਣਾ।

(ਅ) **ਅਖਾਣ:** ਉਖਲੀ ਵਿੱਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ, ਸੱਜਣ ਛੋੜੀਏ ਰੰਗ ਸਿਉ ਬਹੁੜ ਭੀ ਆਵਹਿ ਕੰਮ, ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਆਓਗੇ ਤਾਂ ਕੀ ਲੈ ਕੇ ਆਓਗੇ ਜਾਓਗੇ ਤਾਂ ਕੀ ਦੇ ਕੇ, ਅੱਗੇ ਸੱਪ ਤੇ ਪਿੱਛੇ ਸ਼ੀਂਹ, ਜਿੰਨੇ ਮੂੰਹ ਉਹਨੀਆਂ ਗੱਲਾਂ, ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ, ਅੱਖਾਂ ਨੇ ਨਾ ਖਾਧਾ ਤਾਂ ਮੂੰਹ ਨੇ ਕੀ ਖਾਣਾ ਏ।

5+5=10



a2zpapers.com
www.a2zpapers.com
We provide GNDU question papers, PTU question papers, PU question papers,